Surrey Schools

Royal Canadian Mounted Police Gendarmerie royale du Canada

ਜੂਨ 28 2018

ਪਿਆਰੇ ਮਾਤਾ-ਪਿਤਾ/ਗਾਰਡੀਅਨ,

ਜਿਵੇਂ ਗਰਮੀਆਂ ਦੀਆਂ ਛੁੱਟੀਆਂ ਨੇੜੇ ਆ ਰਹੀਆਂ ਹਨ, ਸਰੀ ਆਰ ਸੀ ਐਮ ਪੀ ਅਤੇ ਸਰੀ ਦੇ ਸਕੂਲ ਆਪ ਨੂੰ ਨੌਜਵਾਨਾਂ ਅਤੇ ਮਾਪਿਆਂ ਲਈ ਮੌਜੂਦ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਦੇਣਾ ਚਾਹੁੰਦੇ ਹਨ। 2017/2018 ਦੇ ਸਕੂਲ ਸਾਲ ਦੌਰਾਨ ਆਰ ਸੀ ਐਮ ਪੀ ਦੇ ਅਫ਼ਸਰਾਂ ਨੂੰ ਸਰੀ ਦੇ ਹਰ ਸਕੂਲ ਵਿੱਚ ਜਾਣ ਦਾ ਮੌਕਾ ਮਿਲਿਆ - ਪ੍ਰਾਇਮਰੀ ਦੀਆਂ ਕਲਾਸਾਂ ਤੋਂ ਲੈਕੇ ਹਾਈ ਸਕੂਲ ਦੇ ਕੈਰੀਅਰ ਮੇਲਿਆ, ਲੰਚ ਟਾਈਮ ਅਤੇ ਸਕੂਲ ਤੋਂ ਬਾਅਦ ਲੱਗਣ ਵਾਲੇ ਖੇਡ ਪ੍ਰੋਗਰਾਮਾਂ ਵਿੱਚ। ਤੁਹਾਡੇ ਬੱਚਿਆ ਨਾਲ ਜੁੜਨਾ ਆਰ ਸੀ ਐਮ ਪੀ ਦੇ ਕੰਮ ਦੀ ਵਿਸ਼ੇਸ਼ਤਾ ਰਹੀ ਹੈ।

ਇਸ ਸਾਲ ਸਰੀ ਗੈਂਗ ਐਨਫੋਰਸਮੈਂਟ ਟੀਮ (SGET) ਨੇ ਨਸ਼ਿਆਂ ਅਤੇ ਗੈਂਗਾਂ ਬਾਰੇ ਸ਼ੈਟਰਿੰਗ ਦਾ ਇਮਜ (ਇਮਜ ਦਾ ਚੂਰ ਚੂਰ ਹੋਣਾਂ)https://bit.ly/2MuQPo2 ਨਾਮਕ ਇੱਕ ਨਵੀਂ ਪੇਸ਼ਕਸ਼ ਦਾ ਉਦਘਾਟਨ ਕੀਤਾ ਹੈ। ਇਸ ਪੇਸ਼ਕਸ਼ ਵਿੱਚ ਸਰੀ ਦੇ ਮੌਜੂਦਾ ਗੈਂਗਾਂ ਦੀ ਹਾਲਤ ਬਾਰੇ ਗੱਲ ਕੀਤੀ ਗਈ ਹੈ ਅਤੇ ਇਹ ਵਿਸ਼ੇਸ਼ ਦਰਸ਼ਕਾਂ ਨੂੰ ਧਿਆਨ ਵਿੱਚ ਰੱਖਕੇ ਲਈ ਬਣਾਈ ਗਈ ਹੈ: ਜਿਵੇਂ ਕਿ ਐਲੀਮੈਂਟਰੀ ਜਾਂ ਹਾਈ ਸਕੂਲ ਦੇ ਵਿਦਿਆਰਥੀ, ਅਧਿਆਪਕ ਅਤੇ ਮਾਤਾ-ਪਿਤਾ। ਇਸ ਪ੍ਰੋਗਰਾਮ ਨੂੰ ਬਹੁਤ ਵਧੀਆ ਹੁੰਗਾਰਾ ਮਿਲਿਆ ਹੈ ਅਤੇ ਇਹ ਅਗਲੇ ਸਾਲ ਵੀ ਜਾਰੀ ਰਹੇਗਾ।

ਅਸੀਂ ਜਾਣਦੇ ਹਾਂ ਇਹ ਵਿਸ਼ੇ ਚਿੰਤਾਜਨਕ ਹਨ। ਤੁਹਾਡੇ ਬੱਚੇ ਦੇ ਗਲਤ ਰਾਹ ‘ਤੇ ਜਾਣ ਦੀਆਂ ਮੁੱਢਲੀਆਂ ਨਿਸ਼ਾਨੀਆਂ ਨੂੰ ਸ਼ੁਰੂ ਵਿੱਚ ਸਮਝਣਾ ਜ਼ਰੂਰੀ ਹੈ। ਸਰੀ ਆਰ ਸੀ ਐਮ ਪੀ ਦੀ ਪੇਰੈਂਟ ਹੈਲਪਲਾਈਨ (604-599-7800) ਸਾਰਾ ਸਾਲ ਪਰਿਵਾਰਾਂ ਲਈ ਉਪਲਬਧ ਹੈ ਅਤੇ ਮਾਪਿਆਂ ਨੂੰ ਆਰ ਸੀ ਐਮ ਪੀ ਦੇ ਯੂਥ ਅਫ਼ਸਰਾਂ ਅਤੇ ਕਾਉਂਸਲਰਾਂ ਦੀਆਂ ਵਿਸ਼ੇਸ਼ ਸੇਵਾਵਾਂ ਨਾਲ ਜੋੜਦੀ ਹੈ। ਸਾਡੀ ਬੇਨਤੀ ਹੈ ਕਿ ਜੇਕਰ ਤੁਹਾਡੇ ਕੋਈ ਸਵਾਲ ਜਾਂ ਫ਼ਿਕਰ ਹਨ ਤਾਂ ਸਾਡੇ ਨਾਲ ਇੱਥੇ ਸੰਪਰਕ ਕਰੋ। ਇਹਨਾਂ ਮੁੱਢਲੀਆਂ ਸੁਚੇਤ ਕਰਨ ਵਾਲੀਆਂ ਨਿਸ਼ਾਨੀਆਂ ਵੱਲ ਧਿਆਨ ਦਿਓ:

- ਵਿਵਹਾਰ ਦਾ ਅਚਾਨਕ ਬਦਲਣਾ, ਪਰਿਵਾਰ ਤੋਂ ਦੂਰ ਰਹਿਣਾ
- ਇੱਕ ਤੋਂ ਵੱਧ ਸੈੱਲ ਫੋਨ (ਡਾਇਲ-ਏ-ਡੋਪਿੰਗ ਲਈ ਵਰਤਣਾ)
- ਛੋਟੇ ਨੋਟਾਂ ਵਿੱਚ ਵੱਡੀ ਗਿਣਤੀ ਵਿੱਚ ਕੈਸ਼ ਹੋਣਾ
- ਆਪਣੀਆਂ ਗਤੀਵਿਧੀਆਂ ਅਤੇ ਦੋਸਤੀਆਂ ਨੂੰ ਗੁਪਤ ਰੱਖਣਾ

ਸਭ ਤੋਂ ਵੱਧ ਜ਼ਰੂਰੀ ਹੈ ਆਪਣੇ ਬੱਚੇ ਨੂੰ ਸਮਾਂ ਦੇਣਾ ਅਤੇ ਉਸਦਾ ਧਿਆਨ ਰੱਖਣਾ। ਉਹਨਾਂ ਦੇ ਦੋਸਤਾਂ ਨੂੰ ਜਾਣੋ, ਚੰਗੇ ਰੋਲ ਮਾਡਲ ਬਣੋ ਅਤੇ ਉਹਨਾਂ ਦੇ ਵਿਹਲੇ ਸਮੇਂ ਨੂੰ ਚੰਗੀਆਂ ਗਤੀਵਿਧੀਆਂ ਵਿੱਚ ਲਾਓ। ਸਿਟੀ ਆਫ਼ ਸਰੀ https://www.surrey.ca/culture-recreation/1702.aspx ਦੇ ਬਹੁਤ ਸਾਰੇ ਮਨੋਰੰਜਕ ਪ੍ਰੋਗਰਾਮ ਹਨ ਜਿਹੜੇ ਸਾਰੀ ਉਮਰ ਦੇ ਬੱਚਿਆਂ ਨੂੰ ਗਰਮੀਆਂ ਦੇ ਮਹੀਨਿਆਂ ਵਿੱਚ ਆਹਰੇ ਲਾਈ ਰੱਖ ਸਕਦੇ ਹਨ।



**Surrey Schools** – Superintendent’s Department 14033 92nd Avenue, Surrey, B.C. V3V 0B7
**Tel:** (604) 595-6308 **Fax:** (604) 595-6309 **www.surreyschools.ca**

ਇਸ ਸਾਲ ਤੁਹਾਡੇ ਬੱਚੇ ਨੂੰ ਮਿਲਣਾ ਸਾਡੇ ਲਈ ਮਾਣ ਵਾਲੀ ਗੱਲ ਰਹੀ ਹੈ। ਸਾਡੇ ਸਕੂਲ ਦੇ ਸੰਪਰਕ ਅਧਿਕਾਰੀਆਂ ਨੇ ਸਕੂਲਾਂ ਵਿੱਚ 1200 ਹਾਈ-5 ਮੁਲਾਕਾਤਾਂ ਦੌਰਾਨ "ਹਾਈ-ਫਾਈਵਜ਼" ਵੰਡੇ ਹਨ ਅਤੇ 300 ਦੇ ਨੇੜੇ ਕੋਡ ਬਲੂ ਅਤੇ ਮਿੰਨੀ ਬਲੂ ਸਪੋਰਟ ਸੈਸ਼ਨ।

ਅਸੀਂ ਜੋਖ਼ਮ ਵਿੱਚ ਰਹਿ ਰਹੇ ਨੌਜਵਾਨਾਂ ਦੀ ਵੱਧ ਰਹੀ ਗਿਣਤੀ ਨੂੰ ਬਚਾਉਣ ਲਈ ਸਕੂਲਾਂ ਨਾਲ ਮਿਲਕੇ ਸਰੀ ਰੈਪ ਪ੍ਰੋਗਰਾਮ (Surrey Wrap Program) https://bit.ly/2tB1dmW ਰਾਹੀਨ ਆਪਣਾ ਸਹਿਯੋਗ ਜਾਰੀ ਰੱਖਾਂਗੇ। ਤੁਸੀਂ ਸਾਡੇ ਯੂਥ ਪ੍ਰੋਗਰਾਮਾਂ ਦੀ ਪੂਰੀ ਲਿਸਟ ਦੀ ਜਾਣਕਾਰੀ ਸਾਡੀ ਵੈੱਬਸਾਈਟ https://bit.ly/1l9TVsa ਤੋਂ ਲੈ ਸਕਦੇ ਹੋ।

ਜਿਵੇਂ ਕਿ ਸਕੂਲੀ ਸਾਲ ਦੇ ਅੰਤ ਨਾਲ ਤੁਹਾਡੇ ਮਾਤਾ-ਪਿਤਾ ਹੋਣ ਦੀ ਜ਼ਿੰਮੇਵਾਰੀ ਖ਼ਤਮ ਨਹੀਂ ਹੁੰਦੀ, ਉਸੇ ਤਰ੍ਹਾਂ ਸਾਡੀ ਵੀ ਨਹੀਂ। ਸਾਡੀਆਂ ਕਮਿਉਨਿਟੀ ਨਾਲ ਮੇਲ ਜੋਲ ਰੱਖਣ ਵਾਲੀਆਂ ਟੀਮਾਂ https://bit.ly/2y7k5yB ਸਾਰੀ ਗਰਮੀ ਸਾਡੇ ਸਕੂਲੀ ਸਾਲ ਦੌਰਾਨ ਬਣਾਏ ਸੰਬੰਧਾਂ ਨੂੰ ਮਜ਼ਬੂਤ ਰੱਖਣ ਲਈ ਸਰਗਰਮ ਰਹਿਣਗੀਆਂ। ਤੁਸੀਂ ਸਾਨੂੰ ਆਉਣ ਵਾਲੇ ਸਰੀ ਕੈਨੇਡਾ ਡੇਅ, ਟਮੈਨਵਿਸ ਪਾਰਕ ਵਿਖੇ ਜੁਲਾਈ 15 ਨੂੰ ਕੈਨੇਡਾ ਕੱਪ ਇੰਟਰਨੈਸ਼ਨਲ ਫੀਲਡ ਹਾਕੀ ਅਤੇ ਲੋਕਲ ਕਮਿਉਨਿਟੀ ਮੇਲਿਆਂ ਅਤੇ ਪਾਰਕਾਂ ਵਿੱਚ ਵੇਖੋਗੇ।

ਸਾਡੇ ਵੱਲੋਂ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਅਤੇ ਮਜ਼ੇਦਾਰ ਗਰਮੀਆਂ ਦੀ ਛੁੱਟੀਆਂ ਲਈ ਸ਼ੁੱਭ ਇੱਛਾਵਾਂ।

ਸ਼ੁਭਚਿੰਤਕ,

ਡਾ. ਜੌਰਡਨ ਟਿਨੇ (Dr. Jordan Tinney)
ਸੁਪਰਡੈਂਟ ਆਫ਼ ਸਕੂਲਜ਼/ਸੀ ਈ ਓ
ਸਰੀ ਸਕੂਲ ਡਿਸਟਰੀਕਟ

ਅਸਿਸਟੈਂਟ ਕਮਿਸ਼ਨਰ ਡਵੇਨ ਮਕਡੌਨਲਡ (Dwayne McDonald)
ਆਫ਼ੀਸਰ ਇਨਚਾਰਜ
ਸਰੀ ਆਰ ਸੀ ਐਮ ਪੀ


**Surrey Schools** – Superintendent's Department 14033 92nd Avenue, Surrey, B.C. V3V 0B7
**Tel:** (604) 595-6308 **Fax:** (604) 595-6309 **www.surreyschools.ca**